NEWS RELEASE
COMMUNIQUÉ

For Immediate Release
200TRANS0031-000978
July 31, 2007

Ministry of Transportation
Transport Canada

# ਚੁੱਕੇ ਕਦਮ ਬੰਦਰਗਾਹਾਂ ’ਤੇ ਟਰੱਕਾਂ ਦੇ ਕਾਰਜ–ਪ੍ਰਬੰਧ ਦੀ ਸਥਿਰਤਾ ਵਿੱਚ ਵਾਧਾ ਕਰਦੇ ਹਨ

ਔਟਵਾ – ਅੱਜ ਕੈਨੇਡਾ ਅਤੇ ਬ੍ਰਿਟਿਸ਼ ਕੋਲੰਬੀਆ ਦੀਆਂ ਸਰਕਾਰਾਂ ਨੇ ਲੋਅਰ ਮੇਨਲੈਂਡ ਦੀਆਂ ਬੰਦਰਗਾਹਾਂ ਉੱਪਰ ਇਨਡਿਪੈਂਨਡੈਂਨਟ ਓਨਰ–ਉਪਰੇਟਰਾਂ ਵਜੋਂ ਕੰਮ ਕਰਦੇ ਟਰੱਕਾਂ ਵਾਲਿਆਂ ਦੀਆਂ ਉਜਰਤਾਂ ਅਤੇ ਕੰਮ ਦੀਆਂ ਹਾਲਤਾਂ ਸਥਾਈ ਰੱਖਣ ਲਈ ਇੱਕ ਸਾਂਝੇ ਉੱਦਮ ਦਾ ਐਲਾਨ ਕੀਤਾ ਹੈ।

ਕੈਨੇਡਾ ਸਰਕਾਰ ਨੇ ਵੈਨਕੂਵਰ ਐਂਡ ਫਰੇਜ਼ਰ ਰਿਵਰ ਪੋਰਟ ਅਥਾਰਟੀਜ਼ ਦੇ ਸੰਬੰਧ ਵਿੱਚ ਇੱਕ ਕਾਨੂੰਨ ਪਾਸ ਕੀਤਾ ਹੈ। ਇਹ ਕਾਨੂੰਨ ਇਹ ਯਕੀਨੀ ਬਣਾਏਗਾ ਕਿ ਟਰੱਕਾਂ ਦੇ ਇਨਡਿਪੈਂਨਡੈਂਨਟ ਓਨਰ–ਉਪਰੇਟਰਾਂ ਨੂੰ ਉਸ ਮੈਮੋਰੰਡਮ ਆਫ ਐਗਰੀਮੈਂਟ (ਐੱਮ ਓ ਏ) ਵਿੱਚ ਦਰਜ ਉਜਰਤਾਂ ਦੇ ਰੇਟਾਂ ਨਾਲੋਂ ਘੱਟ ਉਜਰਤਾਂ ਨਾ ਮਿਲਣ, ਜਿਸ ਮੈਮੋਰੰਡਮ ਦੀ ਕੈਨੇਡਾ ਅਤੇ ਬੀ ਸੀ ਦੀਆਂ ਸਰਕਾਰ ਵਲੋਂ ਨਿਯੁਕਤ ਕੀਤੇ ਫੈਸੀਲੀਟੇਟਰ ਵਿੰਸ ਰੈਡੀ ਨੇ 29 ਜੁਲਾਈ 2005 ਨੂੰ ਸਿਫਾਰਿਸ਼ ਕੀਤੀ ਸੀ।

19 ਜੂਨ 2007 ਨੂੰ ਕੈਨੇਡਾ ਦੀ ਸਰਕਾਰ ਨੇ ਆਪਣੇ ਪ੍ਰਸਤਾਵਤ ਕਾਨੂੰਨ ਬਾਰੇ ਪਹਿਲਾਂ ਦੱਸਿਆ ਸੀ, ਕਿ ਇਹ ਕਾਨੂੰਨ ਮੰਗ ਕਰਦਾ ਹੈ ਕਿ ਕੁਲੈਕਟਿਵ ਬਾਰਗੇਨਿੰਗ ਅਧੀਨ ਨਾ ਆਉਂਦੇ ਓਨਰ–ਉਪਰੇਟਰ ਟਰੱਕ ਵਾਲਿਆਂ ਨੂੰ ਯੂਨੀਅਨ ਵਿੱਚ ਸ਼ਾਮਲ ਓਨਰ ਉਪਰੇਟਰਾਂ ਉੱਤੇ ਲਾਗੂ ਹੁੰਦੇ ਕੁਲੈਕਟਿਵ ਐਗਰੀਮੈਂਟਾਂ ਵਿੱਚ ਨਿਸ਼ਚਿਤ ਉਜਰਤਾਂ ਦੇ ਰੇਟਾਂ ਦੇ ਬਰਾਬਰ ਉਜਰਤ ਮਿਲਣੀ ਜ਼ਰੂਰੀ ਹੈ। ਸੋਧੇ ਗਏ ਕਾਨੂੰਨ ਅਧੀਨ, ਇਨਡਿਪੈਂਨਡੈਂਨਟ ਓਨਰ ਉਪਰੇਟਰਾਂ ਨੂੰ ਉਜਰਤਾਂ ਦਾ ਉਹ ਰੇਟ ਮਿਲੇਗਾ ਜਿਹੜਾ ਕੁਲੈਕਟਿਵ ਐਗਰੀਮੈਂਟਾਂ ਵਿੱਚ ਨਿਸ਼ਚਿਤ ਕੀਤਾ ਗਿਆ ਹੈ, ਜਦੋਂ ਤੱਕ ਉਜਰਤ ਦਾ ਰੇਟ ਮੈਮੋਰੰਡਮ ਔਫ ਐਗਰੀਮੈਂਟ (ਐੱਮ ਓ ਏ) ਵਿੱਚ ਸਥਾਪਤ ਉਜਰਤ ਤੋਂ ਜ਼ਿਆਦਾ ਜਾਂ ਉਸ ਦੇ ਬਰਾਬਰ ਹੋਵੇ। ਪੋਰਟ ਅਥਾਰਟੀਆਂ ਲਈ ਇਹਨਾਂ ਕਦਮਾਂ ਨੂੰ ਆਪਣੀ ਲਾਇਸੰਸ ਦੇਣ ਦੀ ਪ੍ਰਬੰਧਕੀ–ਪ੍ਰਣਾਲੀ ਦਾ ਅੰਗ ਬਣਾਉਣਾ ਜ਼ਰੂਰੀ ਹੈ।

ਮਾਨਯੋਗ ਲਾਰੈਂਸ ਕੈਨਨ, ਮਨਿਸਟਰ ਔਫ ਟਰਾਂਸਪੋਰਟ, ਇਨਫਰਾਸਟਰਕਚਰ ਅਤੇ ਕਮਿਉਨਿਟੀਜ਼ ਨੇ ਦੱਸਿਆ, “ਕਾਨੂੰਨ ਦੀ ਪ੍ਰਕਾਸ਼ਨਾਂ ਤੋਂ ਪਹਿਲਾਂ ਸਲਾਹ ਮਸ਼ਵਰੇ ਦੇ ਸਮੇਂ ਦੌਰਾਨ, ਸਾਨੂੰ ਇਸ ਨਾਲ ਸੰਬੰਧਤ ਕਈ ਧਿਰਾਂ (ਸਟੇਕਹੋਲਡਰਾਂ) ਵਲੋਂ ਵੱਖ ਵੱਖ ਵਿਚਾਰਾਂ ਵਾਲੀਆਂ ਬੇਨਤੀਆਂ (ਸਬਮਿਸ਼ਨਾਂ) ਮਿਲੀਆਂ ਸਨ।ਇਨਡਿਪੈਂਨਡੈਂਨਟ ਓਨਰ ਉਪਰੇਟਰਾਂ ਨੇ ਸਲਾਹ ਮਸ਼ਵਰੇ ਦੌਰਾਨ ਸਪਸ਼ਟ ਰੂਪ ਵਿੱਚ ਦੱਸਿਆ ਸੀ ਕਿ ਰੇਟਾਂ ਦੇ ਕਾਇਮ ਰਹਿਣ ਦੀ ਬਹੁਤ ਮਹੱਤਤਾ ਹੈ। ਉਹਨਾਂ ਲਈ ਰੇਟਾਂ ਵਿੱਚ ਸਥਿਰਤਾ ਦਾ ਉੱਚਾ ਮਿਆਰ ਪ੍ਰਦਾਨ ਕਰਨ ਲਈ ਕਾਨੂੰਨ ਵਿੱਚ ਤਰਮੀਮ ਕੀਤੀ ਗਈ ਸੀ।”

2005 ਦੀਆਂ ਗਰਮੀਆਂ ਵਿੱਚ, ਬੀ ਸੀ ਦੀ ਲੋਅਰ ਮੇਨਲੈਂਡ ਵਿੱਚ ਬੰਦਰਗਾਹਾਂ ਉੱਤੇ ਪਏ ਵਿਘਨ ਦੇ ਨਤੀਜੇ ਵਜੋਂ ਮੈਮੋਰੰਡਮ ਔਫ ਐਗਰੀਮੈਂਟ ਤਿਆਰ ਕੀਤਾ ਗਿਆ ਸੀ, ਜਿਹੜਾ ਲੋਅਰ ਮੇਨਲੈਂਡ ਟਰੱਕਿੰਗ ਇੰਡਸਟਰੀ ਦੇ ਨਾਂ ’ਤੇ ਮਿਸਟਰ ਰੈਡੀ ਨੇ ਦੋ ਸਾਲਾਂ ਦੀ ਮਿਆਦ ਲਈ ਪੇਸ਼ ਕੀਤਾ ਸੀ। ਮਨਿਸਟਰ ਕੈਨਨ ਨੇ ਦੱਸਿਆ, “ਮੈਮੋਰੰਡਮ ਔਫ ਐਗਰੀਮੈਂਟ (ਐੱਮ ਓ ਏ) ਦੀ ਇਕ ਜੀਵਤ

ਦਸਤਾਵੇਜ਼ ਵਜੋਂ ਮਿਆਦ ਮੁੱਕ ਸਕਦੀ ਹੈ, ਪਰ ਇਸ ਵਿੱਚ ਨਿਸ਼ਚਿਤ ਉਜਰਤ ਦੇ ਰੇਟ, ਜਿਹੜੇ ਪਿਛਲੇ ਦੋ ਸਾਲਾਂ ਵਿੱਚ ਇੰਡਸਟਰੀ ਲਈ ਕਾਫੀ ਮਹੱਤਵਪੂਰਨ ਰਹੇ ਹਨ, ਇਸ ਕਾਨੂੰਨ ਰਾਹੀਂ ਲਾਗੂ ਰਹਿਣਗੇ।"

ਕਾਨੂੰਨ ਵਿੱਚ ਕੀਤੀਆਂ ਗਈਆਂ ਹੋਰ ਤਬਦੀਲੀਆਂ ਵਿੱਚ ਇਹ ਤਬਦੀਲੀਆਂ ਸ਼ਾਮਲ ਹਨ: ਲੌਂਗ-ਹਾਲ ਇੰਡਸਟਰੀ ਵਿੱਚ ਓਨਰ-ਉਪਰੇਟਰਾਂ ਵਜੋਂ ਕੰਮ ਕਰਦੇ ਟਰੱਕਾਂ ਵਾਲਿਆਂ ਨੂੰ ਖਾਸ ਤੌਰ 'ਤੇ ਬਾਹਰ ਰੱਖਿਆ ਜਾਵੇ, ਕੁਲੈਕਟਿਵ ਐਗਰੀਮੈਂਟ ਵੈਨਕੂਵਰ ਪੋਰਟ ਅਥਾਰਟੀ ਦੇ ਵੈੱਬਸਾਈਟ 'ਤੇ ਲਾਏ ਜਾਣ ਅਤੇ ਇਸ ਕਾਨੂੰਨ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਦੋ ਸਾਲਾਂ ਦੇ ਅੰਦਰ ਅੰਦਰ ਮਨਿਸਟਰ ਔਫ ਟਰਾਂਸਪੋਰਟ, ਇਨਫਰਾਸਟਰਕਚਰ ਐਂਡ ਕਮਿਉਨਿਟੀਜ਼ ਵਲੋਂ ਇਸ ਦਾ ਰੀਵੀਊ ਕੀਤਾ ਜਾਵੇ। ਮਨਿਸਟਰ ਕੈਨਨ ਨੇ ਕਿਹਾ, "ਰੀਵੀਊ ਸਾਨੂੰ ਸਿਰਫ ਇਸ ਕਦਮ ਦੀ ਕਾਮਯਾਬੀ ਦਾ ਮੁੱਲਾਂਕਣ ਕਰਨ ਦਾ ਹੀ ਨਹੀਂ, ਸਗੋਂ ਲੋਕਲ ਕਨਟੇਨਰ ਟਰੱਕਿੰਗ ਇੰਡਸਟਰੀ ਦੀ ਸਮੁੱਚੀ ਸਥਿਤੀ ਦਾ ਮੁੱਲਾਂਕਣ ਕਰਨ ਦਾ ਵੀ ਮੌਕਾ ਦੇਵੇਗਾ।"

ਇਸ ਦੇ ਨਾਲ ਹੀ ਇਸ ਕਾਨੂੰਨ ਵਿੱਚ ਇਸ ਤਰ੍ਹਾਂ ਸੋਧ ਕੀਤੀ ਗਈ ਹੈ ਤਾਂ ਕਿ ਇਨਡਿਪੈਂਨਡੈਂਨਟ ਓਨਰ-ਉਪਰੇਟਰਾਂ ਨੂੰ ਉਜਰਤ ਦੇ ਉਸ ਰੇਟ ਅਨੁਸਾਰ ਉਜਰਤ ਮਿਲੇ ਜਿਹੜਾ ਰੇਟ ਭਵਿੱਖ ਵਿੱਚ ਤਰਮੀਮ ਕੀਤੇ ਜਾਂ ਨਵੇਂ ਸਿਰਿਉਂ ਕੀਤੇ ਕੁਲੈਕਟਿਵ ਐਗਰੀਮੈਂਟਾਂ ਵਿੱਚ ਦਰਜ ਹੋਵੇ। ਜਦੋਂ ਕਿ ਇਹਨਾਂ ਐਗਰੀਮੈਂਟਾਂ ਵਿੱਚ ਸਮਾਂ ਪਾ ਕੇ ਉਜਰਤ ਦਾ ਰੇਟ ਵਧ ਸਕਦਾ ਹੈ, ਮੈਮੋਰੰਡਮ ਔਫ ਐਗਰੀਮੈਂਟ (ਐੱਮ ਓ ਏ) ਵਿੱਚ ਦਰਜ ਉਜਰਤ ਦੇ ਰੇਟ ਉਹ ਘੱਟੋ ਘੱਟ ਰੇਟ ਰਹਿਣਗੇ ਜਿਹੜੇ ਕਿ ਇਨਡਿਪੈਂਨਡੈਂਨਟ ਓਨਰ ਉਪਰੇਟਰਾਂ ਨੂੰ ਦਿੱਤੇ ਜਾ ਸਕਦੇ ਹਨ।

ਬ੍ਰਿਟਿਸ਼ ਕੋਲੰਬੀਆ ਦਾ ਸੂਬਾ ਨਵੇਂ ਫੈਡਰਲ ਕਾਨੂੰਨਾਂ ਦੇ ਸਮਰਥਨ ਲਈ ਝਗੜੇ ਨਿਪਟਾਉਣ ਦਾ ਇਕ ਉਚਿਤ ਅਤੇ ਕਾਰਗਰ ਢੰਗ (ਡਿਸਪਿਊਟ ਰੈਜ਼ੂਲੂਸ਼ਨ ਮੈਕੇਨਿਜ਼ਮ) ਵਿਕਸਤ ਕਰੇਗਾ। ਇਸ ਵਿੱਚ ਓਨਰ ਉਪਰੇਟਰਾਂ ਨੂੰ ਦਿੱਤੇ ਜਾਂਦੇ ਰੇਟਾਂ ਦੀਆਂ ਕਥਿਤ ਉਲੰਘਣਾਵਾਂ, ਜਿਹਨਾਂ ਵਿੱਚ ਕੰਪਨੀਆਂ ਵਲੋਂ ਕੁਲੈਕਟਿਵ ਐਗਰੀਮੈਂਟ ਵਿਚਲੇ ਘੱਟੋ ਘੱਟ ਰੇਟਾਂ ਤੋਂ ਘੱਟ ਰੇਟ ਦੇਣ ਦੇ ਇਲਜ਼ਾਮ ਵੀ ਸ਼ਾਮਲ ਹੋਣਗੇ, ਬਾਰੇ ਜਾਂਚ ਅਤੇ ਫੈਸਲੇ ਕਰਨਾ ਸ਼ਾਮਲ ਹੋਵੇਗਾ।

ਬੀ ਸੀ ਦੇ ਟ੍ਰਾਂਸਪੋਰਟ ਮਨਿਸਟਰ ਕੈਵਿਨ ਫਾਲਕਨ ਨੇ ਕਿਹਾ, "ਜੇ ਅਸੀਂ ਵਧ ਰਹੇ ਏਸ਼ੀਅਨ ਵਪਾਰ ਨਾਲ ਸੰਬੰਧਤ ਮੌਕਿਆਂ ਦਾ ਫਾਇਦਾ ਲੈਣਾ ਹੈ ਤਾਂ ਸਾਡੀਆਂ ਬੰਦਰਗਾਹਾਂ ਨੂੰ ਖੁੱਲ੍ਹੀਆਂ ਅਤੇ ਭਰੋਸੇਯੋਗ ਰਹਿਣ ਦੀ ਲੋੜ ਹੈ। ਅਸੀਂ ਫੈਡਰਲ ਕਾਨੂੰਨਾਂ ਦਾ ਸਵਾਗਤ ਕਰਦੇ ਹਾਂ, ਅਤੇ ਮੈਨੂੰ ਵਿਸ਼ਵਾਸ ਹੈ ਕਿ ਝਗੜੇ ਨਿਪਟਾਉਣ ਦਾ ਪ੍ਰਬੰਧ (ਡਿਸਪਿਊਟ ਰੈਜ਼ੂਲੂਸ਼ਨ ਸਿਸਟਮ) ਉਚਿਤ ਤਾਮੀਲ ਨੂੰ ਯਕੀਨੀ ਬਣਾਏਗਾ।"

ਡੇਵਿਡ ਐਮਰਸਨ, ਮਨਿਸਟਰ ਔਫ ਇੰਟਰਨੈਸ਼ਨਲ ਟਰੇਡ ਐਂਡ ਪੈਸੇਫਿਕ ਗੇਟਵੇਅ ਐਂਡ ਵੈਨਕੂਵਰ-ਵਿਸਲਰ ਉਲੰਪਿਕਸ, ਨੇ ਕਿਹਾ, "ਇਹਨਾਂ ਨਵੇਂ ਕਾਨੂੰਨਾਂ ਨਾਲ ਬੀ ਸੀ ਦੀ ਟਰੱਕਿੰਗ ਇੰਡਸਟਰੀ ਏਸ਼ੀਆ-ਪੈਸੇਫਿਕ ਗੇਟਵੇਅ ਦੀ ਵਧ ਰਹੀ ਕਾਮਯਾਬੀ ਵਿੱਚ ਹੋਰ ਵੀ ਸਰਗਰਮ ਭਾਈਵਾਲ ਬਣ ਜਾਵੇਗੀ। ਮੈਂ ਵਿਸ਼ਵਾਸ ਕਰਦਾ ਹਾਂ ਕਿ ਅੰਤਰਰਾਸ਼ਟਰੀ ਸ਼ਿੱਪਰ, ਆਵਾਜਾਈ ਦੇ ਇਸ ਮਹੱਤਵਪੂਰਨ ਲਾਂਘੇ (ਸਟਰੈਟੀਜਕ ਟਰਾਂਸਪੋਰਟੇਸ਼ਨ ਕੌਰੀਡੋਰ) ਦੀ ਸਥਿਰਤਾ ਅਤੇ ਕਾਰਗਰਤਾ ਨੂੰ ਯਕੀਨੀ ਬਣਾਉਣ ਲਈ ਕੀਤੇ ਜਾ ਰਹੇ ਕੈਨੇਡਾ ਦੇ ਯਤਨਾਂ ਨੂੰ ਹਾਂ-ਪੱਖੀ ਢੰਗ ਨਾਲ ਦੇਖਣਗੇ।"

ਕਨਟੇਨਰ ਟਰੱਕਿੰਗ ਇੰਡਸਟਰੀ ਦੇ ਸਰੋਕਾਰਾਂ 'ਤੇ ਗੌਰ ਕਰਨ ਲਈ ਫੈਡਰਲ ਸਰਕਾਰ ਦੇ ਸਮਰਥਨ ਨਾਲ ਸੂਬੇ ਨੇ ਅਪ੍ਰੈਲ 2006 ਵਿੱਚ ਸਟੇਕਹੋਲਡਰ ਫੋਰਮ (ਸੰਬੰਧਤ ਧਿਰਾਂ ਦਾ ਮੰਚ) ਸਥਾਪਤ ਕੀਤਾ ਸੀ। ਵਪਾਰਾਂ, ਯੂਨੀਅਨਾਂ ਅਤੇ ਬੰਦਰਗਾਹਾਂ ਦੀ ਨੁਮਾਇੰਦਗੀ ਕਰ ਰਹੇ ਫੋਰਮ ਦੇ ਮੈਂਬਰ ਲੋਅਰ ਮੇਨਲੈਂਡ ਦੇ ਕਨਟੇਨਰ ਟਰਾਂਸਪੋਰਟ ਸਿਸਟਮ ਦੀ ਭਰੋਸੇਯੋਗਤਾ, ਕਾਰਗਰਤਾ ਅਤੇ ਉਤਪਾਦਕਤਾ ਵਿੱਚ ਸੁਧਾਰ ਕਰਨ ਲਈ ਪ੍ਰਬੰਧਕੀ (ਲੌਜੌਸਿਟਕ) ਹੱਲ ਤਿਆਰ ਕਰ ਰਹੇ ਹਨ।

ਫੋਰਮ ਦੇ ਕੰਮ ਦੇ ਸਮਰਥਨ ਲਈ ਸੂਬੇ ਨੇ ਇਕ ਵੈੱਬਸਾਈਟ (www.bctruckingforum.bc.ca) ਤਿਆਰ ਕੀਤਾ ਹੈ, ਜਿਸ ਵਿੱਚ ਔਨ-ਲਾਈਨ ਕੈਲਕੂਲੇਟਰ ਵੀ ਸ਼ਾਮਲ ਹੈ ਜਿਹੜਾ ਟਰੱਕਾਂ ਦੇ ਓਨਰ ਉਪਰੇਟਰਾਂ ਨੂੰ ਆਪਣੇ ਖਰਚਿਆਂ ਅਤੇ ਉਜਰਤਾਂ ਨੂੰ ਚੰਗੀ ਤਰ੍ਹਾਂ ਸਮਝਣ ਵਿੱਚ ਮਦਦ ਕਰਦਾ ਹੈ।

ਕੈਨੇਡਾ ਅਤੇ ਬੀ. ਸੀ. ਦੀਆਂ ਸਰਕਾਰਾਂ ਲੋਅਰ ਮੇਨਲੈਂਡ ਦੀਆਂ ਬੰਦਰਗਾਹਾਂ 'ਤੇ ਟਰੱਕਾਂ ਦੇ ਕਾਰਜ-ਪ੍ਰਬੰਧ ਦੀ ਲੰਮੇ ਸਮੇਂ ਲਈ ਸਥਿਰਤਾ ਯਕੀਨੀ ਬਣਾਉਣ ਲਈ ਵਚਨਬੱਧ ਹਨ ਅਤੇ ਇਹ ਯਕੀਨੀ ਬਣਾਉਣ ਲਈ ਵੀ ਵਚਨਬੱਧ ਹਨ ਕਿ ਇਹ ਬੰਦਰਗਾਹਾਂ ਏਸ਼ੀਆ-ਪੈਸੇਫਿਕ ਗੇਟਵੇਅ ਅਤੇ ਕੌਰੀਡੋਰ ਇਨੀਸ਼ੀਏਟਿਵ ਦੇ ਅੰਦਰ ਕਾਰਗਰ ਅਤੇ ਭਰੋਸੇਯੋਗ ਢੰਗ ਨਾਲ ਕੰਮ ਕਰਦੀਆਂ ਰਹਿਣ।

-30-

ਸੰਪਰਕ:

ਨੈਟਾਲੀ ਸੈਰਾਫਿਅਨ
ਪ੍ਰੈੱਸ ਸੈਕਟਰੀ
ਔਫਿਸ ਔਫ ਦੀ ਮਨਿਸਟਰ ਔਫ ਟਰਾਂਸਪੋਰਟ,
ਇਨਫਰਾਸਟਰਕਚਰ ਐਂਡ ਕਮਿਊਨਿਟੀਜ਼, ਔਟਵਾ
613-991-0700

ਜੈਨੀਫਰ ਚਿਉ
ਪ੍ਰੈੱਸ ਸੈਕਟਰੀ
ਔਫਿਸ ਔਫ ਦੀ ਮਨਿਸਟਰ ਔਫ ਇੰਟਰਨੈਸ਼ਨਲ ਟਰੇਡ ਐਂਡ
ਮਨਿਸਟਰ ਫਾਰ ਦੀ ਪੈਸੇਫਿਕ ਗੇਟਵੇਅ ਐਂਡ ਦੀ ਵੈਨਕੂਵਰ-
ਵਿਸਲਰ ਉਲੰਪਿਕਸ, ਔਟਵਾ
613-992-7332

ਐਨ-ਮੈਰੀ ਬੁਸ਼ਰਡ
ਕਮਿਊਨੀਕੇਸ਼ਨਜ਼
ਟਰਾਂਸਪੋਰਟ ਕੈਨੇਡਾ, ਔਟਵਾ
613-993-0055

ਰੌਬ ਡਫਸ
ਕਮਿਊਨੀਕੇਸ਼ਨਜ਼ ਡਾਇਰੈਕਟਰ
ਮਨਿਸਟਰੀ ਔਫ ਟਰਾਂਸਪੋਰਟੇਸ਼ਨ
ਗਵਰਨਮੈਂਟ ਔਫ ਬ੍ਰਿਟਿਸ਼ ਕੋਲੰਬੀਆ
250-387-7787

ਸਰਕਾਰ ਦੀਆਂ ਸੇਵਾਵਾਂ ਬਾਰੇ ਹੋਰ ਜਾਣਕਾਰੀ ਲੈਣ ਲਈ ਜਾਂ ਆਰ ਐੱਸ ਐੱਸ ਦੀ ਵਰਤੋਂ ਕਰਦਿਆਂ ਸੂਬਾਈ ਨਿਊਜ਼ ਫੀਡ ਲੈਣ ਲਈ ਨਾਂ ਦਰਜ ਕਰਵਾਉਣ ਲਈ ਸੂਬੇ ਦਾ ਵੈੱਬਸਾਈਟ www.gov.bc.ca ਦੇਖੋ।